## Connect Care ਮੇਰੀ ਦੇਖਭਾਲ ਨੂੰ ਕਿਵੇਂ ਬਦਲਦਾ ਹੈ? (How does Connect Care change my care?)

ਤੁਸੀਂ ਉਸੇ ਉੱਚ-ਗੁਣਵੱਤਾ ਦੀ ਦੇਖਭਾਲ ਦੀ ਉਮੀਦ ਕਰ ਸਕਦੇ ਹੋ, ਪਰ ਤੁਹਾਨੂੰ ਕੁਝ ਅੰਤਰ ਦਿੱਖ ਸਕਦਾ ਹੈ, ਜਿਵੇਂ ਕਿ ਤੁਹਾਡੇ ਪ੍ਰਦਾਤਾਵਾਂ ਨੂੰ ਵਧੇਰੇ ਕੰਪਿਊਟਰਾਂ ਅਤੇ ਹੈਂਡਹੈਲਡ ਡਿਵਾਈਸਾਂ ਦੀ ਵਰਤੋਂ ਕਰਦੇ ਹੋਏ ਦੇਖਣਾ। ਅਸੀਂ ਤੁਹਾਡੀ ਦੇਖਭਾਲ 'ਤੇ ਨਜ਼ਰ ਰੱਖਣ ਲਈ ਉਹਨਾਂ ਦੀ ਵਰਤੋਂ ਕਰ ਰਹੇ ਹਾਂ।

Connect Care ਇਸ ਤਰ੍ਹਾਂ ਤੁਹਾਡੇ 'ਤੇ ਧਿਆਨ ਕੇਂਦਰਿਤ ਕਰੇਗਾ:

- MyAHS Connect ਔਨਲਾਈਨ ਟੂਲ ਰਾਹੀਂ ਤੁਹਾਨੂੰ ਤੁਹਾਡੀ ਸਿਹਤ ਸਬੰਧੀ ਜਾਣਕਾਰੀ ਤੱਕ ਮੰਗ 'ਤੇ ਪਹੁੰਚ ਪ੍ਰਦਾਨ ਕਰਕੇ
- ਤੁਹਾਨੂੰ ਤੁਹਾਡੀ ਦੇਖਭਾਲ ਟੀਮ ਨਾਲ ਗੱਲਬਾਤ ਕਰਨ ਅਤੇ ਤੁਹਾਡੀ ਸਿਹਤ ਰਿਕਾਰਡ ਵਿਚਲੀ ਜਾਣਕਾਰੀ ਦਾ ਪ੍ਰਬੰਧਨ ਕਰਨ ਦੀ ਇਜਾਜ਼ਤ ਦੇਣਾ
- ਤੁਹਾਡੇ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਸੰਚਾਰ ਵਿੱਚ ਸੁਧਾਰ ਕਰਨਾ
- ਸਿਹਤ ਸੰਭਾਲ ਟੀਮਾਂ ਨੂੰ ਤੁਹਾਡੀ ਸਿਹਤ ਦੀ ਪੂਰੀ ਜਾਣਕਾਰੀ ਦੇਣਾ
- ਤੁਹਾਡੀ ਦੇਖਭਾਲ ਦੀ ਯਾਤਰਾ ਦੌਰਾਨ ਪੂਰੀ ਸਿਹਤ ਸੰਭਾਲ ਟੀਮ ਨੂੰ ਸਭ ਤੋਂ ਵਧੀਆ ਸੰਭਵ ਜਾਣਕਾਰੀ ਪ੍ਰਦਾਨ ਕਰਨਾ

ਹੋਰ ਜਾਣਨ ਲਈ,
**ahs.ca/connectcare**
'ਤੇ ਜਾਓ

## MyAHS Connect ਤੁਹਾਡੀ ਸਿਹਤ ਦੀ ਜਾਣਕਾਰੀ ਤੁਹਾਡੇ ਹੱਥਾਂ ਵਿੱਚ ਦਿੰਦਾ ਹੈ (MyAHS Connect puts your health information into your hands)

ਜੇਕਰ ਤੁਸੀਂ Connect Care ਦੀ ਵਰਤੋਂ ਕਰਕੇ ਕਿਸੇ ਸਾਈਟ ਜਾਂ ਪ੍ਰੋਗਰਾਮ 'ਤੇ ਦੇਖਭਾਲ ਪ੍ਰਾਪਤ ਕਰ ਰਹੇ ਹੋ ਅਤੇ ਵੈਧ ਪਛਾਣ ਦੇ ਨਾਲ ਘੱਟੋ-ਘੱਟ 14 ਸਾਲ ਦੀ ਉਮਰ ਦੇ ਹੋ, ਤਾਂ ਤੁਹਾਡੇ ਕੋਲ MyAHS Connect ਤੱਕ ਪਹੁੰਚ ਦੀ ਬੇਨਤੀ ਕਰਨ ਦੀ ਯੋਗਤਾ ਹੈ।

MyAHS Connect ਖਾਤੇ ਨਾਲ ਸੈੱਟਅੱਪ ਕਰਨ ਲਈ:

1. ਆਪਣੀ ਸਿਹਤ ਸੰਭਾਲ ਟੀਮ ਨੂੰ ਦੱਸੋ ਕਿ ਤੁਸੀਂ ਆਪਣੇ MyAHS Connect ਖਾਤੇ ਤੱਕ ਪਹੁੰਚ ਚਾਹੁੰਦੇ ਹੋ।
2. Myhealth.alberta.ca/myhealthrecords 'ਤੇ ਜਾ ਕੇ ਇੱਕ Alberta.ca ਖਾਤਾ ਬਣਾਓ
3. Myhealth.alberta.ca/myhealthrecords 'ਤੇ ਜਾ ਕੇ MyHealth Records ਵਿੱਚ ਲੌਗ ਇਨ ਕਰੋ ਅਤੇ ਤੁਹਾਡੇ ਵੱਲੋਂ ਬਣਾਇਆ ਗਿਆ ਯੂਜ਼ਰਨੇਮ ਅਤੇ ਪਾਸਵਰਡ ਦਾਖਲ ਕਰੋ।

MyAHS Connect ਤੁਹਾਨੂੰ ਇਜਾਜ਼ਤ ਦਿੰਦਾ ਹੈ ਕੀ ਤੁਸੀਂ:

- ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰੋ ਅਤੇ ਆਪਣੇ Connect Care ਚਾਰਟ ਵਿੱਚ ਟਿੱਪਣੀਆਂ ਜਾਂ ਸੰਪਾਦਨ ਸ਼ਾਮਲ ਕਰੋ।
- ਆਪਣੀ Connect Care ਹੈਲਥਕੇਅਰ ਟੀਮ ਨਾਲ ਸੁਰੱਖਿਅਤ ਢੰਗ ਨਾਲ ਸੰਚਾਰ ਕਰੋ ਅਤੇ ਜਾਣਕਾਰੀ ਸਾਂਝੀ ਕਰੋ।
- ਮੁਲਾਕਾਤਾਂ ਲਈ ਬੇਨਤੀ ਕਰੋ, ਅਤੇ ਪਿਛਲੀਆਂ ਅਤੇ ਆਉਣ ਵਾਲੀਆਂ ਮੁਲਾਕਾਤਾਂ ਦੇਖੋ।
- ਜੇ ਤੁਹਾਡੇ ਕਲੀਨਿਕ ਵਿੱਚ ਉਪਲਬਧ ਹੋਵੇ ਤਾਂ ਆਪਣੀ ਦੇਖਭਾਲ ਟੀਮ ਨਾਲ ਵੀਡੀਓ ਮੁਲਾਕਾਤਾਂ ਕਰੋ।

MyAHS Connect MyChart® ਦੁਆਰਾ ਸੰਚਾਲਤਿ ਹੈ ਜੋ Epic Systems Corporation, © 1999-2023 ਤੋਂ ਲਾਇਸੰਸਸ਼ੁਦਾ ਹੈ

ਕਰਿਪਾ ਕਰਕੇ ਨੋਟ ਕਰੋ, MyAHS Connect ਵਚਿ ਪ੍ਰਦਰਸ਼ਤਿ ਸਮੱਗਰੀ ਅਤੇ ਜਾਣਕਾਰੀ ਸਰਿਫ਼ ਅੰਗਰੇਜ਼ੀ ਵਚਿ ਉਪਲਬਧ ਹੈ।

Alberta Health Services

Punjabi



# ਸਿਹਤ ਜਾਣਕਾਰੀ ਨੂੰ ਬਿਹਤਰ ਬਣਾਉਣਾ (Making health information healthier)

## Connect Care

ਹੋਰ ਜਾਣਨ ਲਈ,
**ahs.ca/connectcare** 'ਤੇ ਜਾਓ

Alberta Health Services



## ਸਿਹਤ ਸੰਭਾਲ ਟੀਮਾਂ ਨੂੰ ਤੁਹਾਡੀ ਸਿਹਤ ਦੀ ਪੂਰੀ ਜਾਣਕਾਰੀਦੇਣਾ
### (A more complete picture of your health)

Connect Care ਇਸ ਤਰੀਕੇ ਨੂੰ ਬਦਲ ਰਿਹਾ ਹੈ ਕਿ Alberta ਵਿੱਚ Alberta Health Services, ਇਸਦੇ ਹਿੱਸੇਦਾਰਾਂ ਅਤੇ ਹੋਰਾਂ ਦੁਆਰਾ ਸਿਹਤ ਸੰਭਾਲ ਕਿਵੇਂ ਪ੍ਰਦਾਨ ਕੀਤੀ ਜਾ ਰਹੀ ਹੈ।

ਇਹ ਤੁਹਾਡੀ ਸਾਰੀ ਸਿਹਤ ਜਾਣਕਾਰੀ ਨੂੰ ਇੱਕ ਥਾਂ 'ਤੇ ਸਟੋਰ ਕਰੇਗਾ ਅਤੇ ਉੱਥੇ ਜਾਵੇਗਾ ਜਿੱਥੇ ਤੁਸੀਂ ਆਪਣੀ ਦੇਖਭਾਲ ਦੀ ਯਾਤਰਾ 'ਤੇ ਜਾਂਦੇ ਹੋ। ਤੁਸੀਂ ਵੱਖ-ਵੱਖ ਪ੍ਰਦਾਤਾਵਾਂ ਨਾਲ ਆਪਣਾ "ਇਤਿਹਾਸ" ਸਾਂਝਾ ਕਰਨ ਵਿੱਚ ਘੱਟ ਸਮਾਂ ਬਿਤਾਓਗੇ, ਕਿਉਂਕਿ ਉਹਨਾਂ ਕੋਲ ਇਹ ਪਹਿਲਾਂ ਹੀ ਉਪਲਬਧ ਹੋਵੇਗਾ।

ਜੇਕਰ ਤੁਸੀਂ Connect Care ਸਾਈਟ 'ਤੇ ਦੇਖਭਾਲ ਪ੍ਰਾਪਤ ਕਰ ਰਹੇ ਹੋ, ਤਾਂ ਆਪਣੀ ਸਿਹਤ ਸੰਭਾਲ ਟੀਮ ਨੂੰ MyAHS Connect ਨਾਮਕ ਨਵੇਂ ਔਨਲਾਈਨ ਮਰੀਜ਼ ਟੂਲ ਤੱਕ ਪਹੁੰਚ ਕਰਨ ਲਈ ਕਹੋ। ਤੁਹਾਨੂੰ AHS ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਨਾਲ ਸਬੰਧਤ ਤੁਹਾਡੀ ਸਿਹਤ ਜਾਣਕਾਰੀ ਦੇਖਣ ਦੀ ਇਜਾਜ਼ਤ ਦੇ ਕੇ, ਅਤੇ ਤੁਹਾਨੂੰ ਤੁਹਾਡੇ ਬੱਚਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਸਿਹਤ ਜਾਣਕਾਰੀ ਤੱਕ ਪਹੁੰਚ ਦੀ ਬੇਨਤੀ ਕਰਨ ਦੀ ਯੋਗਤਾ ਪ੍ਰਦਾਨ ਕਰਕੇ MyAHS Connect ਤੁਹਾਡੀ ਸਿਹਤ ਸੰਭਾਲ ਟੀਮ ਦਾ ਵਧੇਰੇ ਸਰਗਰਮ ਮੈਂਬਰ ਬਣਨ ਵਿੱਚ ਤੁਹਾਡੀ ਮਦਦ ਕਰੇਗਾ।

## Alberta Health Services ਅਤੇ ਹਿੱਸੇਦਾਰਾਂ ਵਿੱਚ ਉਪਲਬਧ ਹੈ
### (Available across Alberta Health Services and partners)

Connect Care ਨੂੰ ਕਈ ਸਾਲਾਂ ਤੋਂ Alberta ਵਿੱਚ ਪੜਾਵਾਂ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਇੱਥੇ ਉਪਲਬਧ ਹੋਵੇਗਾ:

- ਹਸਪਤਾਲਾਂ ਅਤੇ ਸਿਹਤ ਸੰਭਾਲ ਕੇਂਦਰਾਂ ਸਮੇਤ Alberta Health Services ਦੀਆਂ ਸਾਈਟਾਂ ਉੱਤੇ
- Carewest
- CapitalCare
- Covenant Health
- Lamont Health Care Centre
- Alberta Precision Laboratories (APL)
- DynaLIFE Medical Labs
- ਕਈ ਹੋਰ ਕਲੀਨਿਕ ਅਤੇਅਭਿਆਸਾਂ

## ਤੁਹਾਡੀ ਗੋਪਨੀਯਤਾ ਲਈ ਵਚਨਬੱਧ
### (Committed to your privacy)

AHS ਤੁਹਾਡੀ ਗੋਪਨੀਯਤਾ ਦੀ ਰੱਖਿਆ ਕਰਨ ਅਤੇ ਤੁਹਾਡੀ ਸਿਹਤ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ — ਇਹ ਕਰਨਾ ਸਹੀ ਗੱਲ ਹੈ, ਅਤੇ ਇਹ ਕਾਨੂੰਨ ਹੈ।

Connect Care ਦੀ ਵਰਤੋਂ ਕਰਨ ਵਾਲੇ ਹਰ ਵਿਅਕਤੀ ਨੂੰ ਤੁਹਾਨੂੰ ਤਰਜੀਹ ਦੇਣ ਲਈ ਸਿਖਲਾਈ ਦਿੱਤੀ ਜਾਂਦੀ ਹੈ। ਇਸ ਵਿੱਚ ਤੁਹਾਡੀ ਸਿਹਤ ਜਾਣਕਾਰੀ ਤੱਕ ਪਹੁੰਚ ਨੂੰ ਸਿਰਫ਼ ਉਹਨਾਂ ਪ੍ਰਦਾਤਾਵਾਂ ਤੱਕ ਸੀਮਤ ਕਰਕੇ ਤੁਹਾਡੀ ਗੋਪਨੀਯਤਾ ਦਾ ਆਦਰ ਕਰਨਾ ਸ਼ਾਮਲ ਹੈ ਜਿਨ੍ਹਾਂ ਨੂੰ ਤੁਹਾਡੀ ਦੇਖਭਾਲ ਲਈ ਇਸਨੂੰ ਦੇਖਣ ਦੀ ਲੋੜ ਹੈ। Connect Care ਕੋਲ ਇਸ ਗੱਲ ਨੂੰ ਟ੍ਰੈਕ ਕਰਨ ਅਤੇ ਇਸਦੀ ਨਿਗਰਾਨੀ ਕਰਨ ਲਈ ਟੂਲ ਮੌਜੂਦ ਹਨ ਕੀ ਤੁਹਾਡੀ ਜਾਣਕਾਰੀ ਤੱਕ ਪਹੁੰਚ ਕੌਣ ਕਰ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਹਤ ਜਾਣਕਾਰੀ ਨੀਤੀਆਂ ਦੀ ਪਾਲਣਾ ਕੀਤੀ ਜਾ ਰਹੀ ਹੈ।

Connect Care ਸਾਡੇ ਦੁਆਰਾ ਵਰਤੇ ਜਾਣ ਵਾਲੇ ਕੰਪਿਊਟਰ ਸਿਸਟਮਾਂ ਦੀ ਗਿਣਤੀ ਨੂੰ ਵੀ ਘਟਾ ਦੇਵੇਗਾ, ਇਸ ਲਈ ਅਸੀਂ ਆਪਣੇ ਸਾਈਬਰ ਸੁਰੱਖਿਆ ਯਤਨਾਂ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਾਂ।

ਡਾਟਾ ਸੁਰੱਖਿਆ ਮਹੱਤਵਪੂਰਨ ਹੈ। ਮਰੀਜ਼ ਦੀ ਸਾਰੀ ਜਾਣਕਾਰੀ ਇੱਥੇ Alberta ਵਿੱਚ AHS-ਮਲਕੀਅਤ ਵਾਲੇ ਸੁਰੱਖਿਅਤ ਸਰਵਰਾਂ 'ਤੇ ਸਟੋਰ ਕੀਤੀ ਜਾਂਦੀ ਹੈ।